ਖਸਰਾ ਸਿਰਫ਼ ਛੋਟੇ ਜਿਹੇ ਦਾਣੇ ਨਹੀਂ ਹਨ

ਖਸਰਾ ਖਤਰਨਾਕ ਹੋ ਸਕਦਾ ਹੈ, ਖਾਸ ਕਰਕੇ ਨਵਜੰਮੇ ਅਤੇ ਛੋਟੇ ਬੱਚਿਆਂ ਲਈ।

ਖਸਰੇ ਦੇ ਲੱਛਣਾਂ ਵਿੱਚ ਆਮ ਤੌਰ 'ਤੇ ਇਹ ਸ਼ਾਮਲ ਹੁੰਦੇ ਹਨ:

ਤੇਜ਼ ਬੁਖਾਰ
(ਜੋ 104°F ਤੋਂ ਉੱਪਰ ਵੀ ਜਾ ਸਕਦਾ ਹੈ)

ਖੰਘ

ਨੱਕ ਵਗਣਾ

ਅੱਖਾਂ ਦਾ ਲਾਲ ਹੋਣਾ ਅਤੇ/ਜਾਂ ਪਾਣੀ ਆਉਣਾ

ਦਾਣੇ
(ਜੋ ਲੱਛਣ ਸ਼ੁਰੂ ਹੋਣ ਤੋਂ 3-5 ਦਿਨਾਂ ਬਾਅਦ ਨਿਕਲਦੇ ਹਨ)

ਖਸਰਾ ਗੰਭੀਰ ਹੋ ਸਕਦਾ ਹੈ।

ਖਸਰੇ ਕਾਰਨ ਨਮੂਨੀਆ, ਦਿਮਾਗ ਦੀ ਸੋਜਸ਼ (ਐਨਸੈਫੇਲਾਈਟਸ) ਅਤੇ ਮੌਤ ਸਮੇਤ, ਸਿਹਤ ਸਬੰਧੀ ਗੰਭੀਰ ਪਰੇਸ਼ਾਨੀਆਂ ਪੈਦਾ ਹੋ ਸਕਦੀਆਂ ਹਨ।

ਖਸਰੇ ਤੋਂ ਪੀੜਤ **5 ਲੋਕਾਂ ਵਿੱਚ 1 ਨੂੰ** ਹਸਪਤਾਲ ਦਾਖਲ ਕਰਾਉਣਾ ਪੈਂਦਾ ਹੈ।

ਖਸਰੇ ਤੋਂ ਪੀੜਤ **ਹਰ 20 ਬੱਚਿਆਂ ਵਿੱਚੋਂ 1 ਨੂੰ** ਨਮੂਨੀਆ ਹੋ ਜਾਂਦਾ ਹੈ, ਜੋ ਛੋਟੇ ਬੱਚਿਆਂ ਵਿੱਚ ਖਸਰੇ ਕਾਰਨ ਹੋਣ ਵਾਲੀਆਂ ਮੌਤਾਂ ਦਾ ਸਭ ਤੋਂ ਆਮ ਕਾਰਨ ਹੈ।

ਖਸਰੇ ਤੋਂ ਪੀੜਤ **ਹਰ 1,000 ਲੋਕਾਂ ਵਿੱਚੋਂ 1 ਨੂੰ** ਦਿਮਾਗ ਵਿੱਚ ਸੋਜਸ਼ ਹੋ ਜਾਂਦੀ ਹੈ, ਜਿਸ ਨਾਲ ਦਿਮਾਗ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਖਸਰੇ ਤੋਂ ਪੀੜਤ **1,000 ਲੋਕਾਂ ਵਿੱਚੋਂ 1 ਤੋਂ 3 ਲੋਕਾਂ** ਦੀ ਮੌਤ ਹੋ ਜਾਂਦੀ ਹੈ।

ਲੰਬੇ ਸਮੇਂ ਦੀਆਂ ਮੁਸ਼ਕਲਾਂ

ਇੱਕ ਬਹੁਤ ਹੀ ਘੱਟ ਹੋਣ ਵਾਲੀ, ਪਰ ਜਾਨਲੇਵਾ ਬਿਮਾਰੀ ਜਿਸਨੂੰ ਸਬ-ਐਕਿਊਟ ਸਕਲੇਰੋਜ਼ਿੰਗ ਪੈਨ-ਐਨਸੈਫੇਲਾਈਟਸ ਕਹਿੰਦੇ ਹਨ, ਵਿਅਕਤੀ ਦੇ ਖਸਰੇ ਤੋਂ ਠੀਕ ਹੋਣ ਦੇ 7 ਤੋਂ 10 ਸਾਲਾਂ ਬਾਅਦ ਵੀ ਹੋ ਸਕਦੀ ਹੈ।

ਤੁਹਾਡੇ ਕੋਲ ਆਪਣੇ ਬੱਚੇ ਦੀ ਹਿਫ਼ਾਜ਼ਤ ਕਰਨ ਦੀ ਤਾਕਤ ਹੈ।

ਯਕੀਨੀ ਬਣਾਓ ਕਿ ਤੁਹਾਡੇ ਬੱਚਿਆਂ ਨੂੰ ਖਸਰੇ-ਕੰਨਪੇੜੇ-ਰੁਬੈਲਾ (MMR) ਦਾ ਟੀਕਾ ਲੱਗ ਚੁਕਿਆ ਹੈ, ਤਾਂ ਜੋ ਉਨ੍ਹਾਂ ਨੂੰ ਖਸਰੇ ਤੋਂ ਪੱਕੀ ਅਤੇ ਸਥਾਈ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ। ਆਪਣੇ ਹੈਲਥਕੇਅਰ ਪ੍ਰਦਾਤਾ ਨਾਲ ਗੱਲ ਕਰੋ।